# Phone call between External Affairs Minister, Dr. S. Jaishankar and Foreign Minister of China, H.E. Mr. Wang Yi

February 26, 2021

---

# ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਚੀਨੀ ਵਿਦੇਸ਼ ਮੰਤਰੀ ਮਹਾਮਹਿਮ ਵੈਂਗ ਯੀ ਦਰਮਿਆਨ ਹੋਈ ਗੱਲਬਾਤ

26 ਫਰਵਰੀ, 2021

1. ਵਿਦੇਸ਼ ਮੰਤਰੀ ਅਤੇ ਚੀਨੀ ਵਿਦੇਸ਼ ਮੰਤਰੀ ਅਤੇ ਸਟੇਟ ਕੌਂਸਲਰ ਮਹਾਮਹਿਮ ਵੈਂਗ ਯੀ ਨੇ ਕੱਲ ਦੁਪਹਿਰ ਫੋਨ 'ਤੇ ਗੱਲਬਾਤ ਕੀਤੀ। ਇਹ ਗੱਲਬਾਤ 75 ਮਿੰਟ ਚੱਲੀ। ਦੋਵਾਂ ਵਿਦੇਸ਼ ਮੰਤਰੀਆਂ ਨੇ ਪੂਰਬੀ ਲੱਦਾਖ ਵਿਚ ਅਸਲ ਕੰਟਰੋਲ ਰੇਖਾ ਦੇ ਹਾਲਾਤ ਅਤੇ ਸਮੁੱਚੇ ਭਾਰਤ-ਚੀਨ ਸਬੰਧਾਂ ਨਾਲ ਜੁੜੇ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ।

2. ਵਿਦੇਸ਼ ਮੰਤਰੀ ਨੇ ਸਤੰਬਰ 2020 ਵਿੱਚ ਮਾਸਕੋ ਅੰਦਰ ਚੀਨੀ ਵਿਦੇਸ਼ ਮੰਤਰੀ ਨਾਲ ਹੋਈ ਮੁਲਾਕਾਤ ਦਾ ਜ਼ਿਕਰ ਕੀਤਾ, ਜਿਸ ਵਿੱਚ ਭਾਰਤੀ ਪੱਖ ਨੇ ਚੀਨੀ ਪੱਖ ਵੱਲੋਂ ਭੜਕਾਊ ਵਿਹਾਰ ਕੀਤੀ ਜਾਣ ਅਤੇ ਹਾਲਾਤ ਨੂੰ ਬਦਲਣ ਦੀ ਇੱਕਤਰਫਾ ਕੋਸ਼ਿਸ਼ ਕੀਤੇ ਜਾਣ ਬਾਰੇ ਆਪਣੀ ਚਿੰਤਾ ਜ਼ਾਹਰ ਕੀਤੀ ਸੀ। ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲ ਅੰਦਰ ਦੁਵੱਲੇ ਸਬੰਧਾਂ ਉੱਤੇ ਬਹੁਤ ਮਾੜਾ ਅਸਰ ਪਿਆ ਹੈ। ਵਿਦੇਸ਼ ਮੰਤਰੀ ਨੇ ਕਿਹਾ ਕਿ ਸਰਹੱਦ ਦਾ ਪ੍ਰਸ਼ਨ ਹੱਲ ਕਰਨ ਵਿਚ ਸਮਾਂ ਲਗ ਸਕਦਾ ਹੈ ਪਰ ਹਿੰਸਾ ਕਰਨ ਸਣੇ ਅਮਨ ਅਤੇ ਸ਼ਾਂਤੀ ਭੰਗ ਕਰਨ ਦਾ ਪੱਕੇ ਤੌਰ 'ਤੇ ਇਸ ਰਿਸ਼ਤੇ 'ਤੇ ਨੁਕਸਾਨਦੇਹ ਅਸਰ ਹੋਵੇਗਾ।

3. ਵਿਦੇਸ਼ ਮੰਤਰੀ ਨੇ ਕਿਹਾ ਕਿ ਪਿਛਲੇ ਸਾਲ ਮਾਸਕੋ ਵਿੱਚ ਆਪਣੀ ਬੈਠਕ ਦੌਰਾਨ ਦੋਵੇਂ ਮੰਤਰੀਆਂ ਨੇ ਇਸ ਗੱਲ ਤੇ ਸਹਿਮਤੀ ਜਤਾਈ ਸੀ ਕਿ ਸਰਹੱਦੀ ਇਲਾਕਿਆਂ ਦੇ ਹਾਲਾਤ ਕਿਸੇ ਵੀ ਧਿਰ ਦੇ ਹਿਤ ਵਿੱਚ ਨਹੀਂ ਹਨ ਅਤੇ ਫੈਸਲਾ ਕੀਤਾ ਸੀ ਕਿ ਦੋਵਾਂ ਪੱਖਾਂ ਦੀਆਂ ਸਰਹੱਦੀ ਫੌਜਾਂ ਨੂੰ ਗੱਲਬਾਤ ਜਾਰੀ ਰੱਖਣੀ ਚਾਹੀਦੀ ਹੈ, ਪਿਛੇ ਹਟ ਜਾਣਾ ਚਾਹੀਦਾ ਹੈ ਅਤੇ ਤਣਾਅ ਨੂੰ ਘਟਾਉਣਾ ਚਾਹੀਦਾ ਹੈ. ਵਿਦੇਸ਼ ਮੰਤਰੀ ਨੇ ਕਿਹਾ ਕਿ ਉਸ ਸਮੇਂ ਤੋਂ ਬਾਅਦ ਦੋਵਾਂ ਧਿਰਾਂ ਨੇ ਕੂਟਨੀਤਿਕ ਅਤੇ ਫੌਜੀ ਚੈਨਲਾਂ ਰਾਹੀਂ ਲਗਾਤਾਰ ਸੰਪਰਕ ਬਣਾਈ ਰੱਖਿਆ ਹੈ। ਇਸ ਨਾਲ ਚੰਗੇ ਨਤੇਜੇ ਨਿਕਲੇ ਕਿਉਂਕਿ ਇਸ ਮਹੀਨੇ ਦੀ ਸ਼ੁਰੂਆਤ ਵਿੱਚ ਪੈਨਗੋਂਗ ਸੋ ਝੀਲ ਖੇਤਰ ਵਿੱਚ ਦੋਵੇਂ ਪੱਖ ਪਿੱਛੇ ਹਟ ਗਏ।

4. ਪੈਨਗੋਂਗ ਝੀਲ ਖੇਤਰ ਵਿੱਚ ਡਿਸਇੰਗੇਜਮੈਂਟ ਦੇ ਪੂਰਾ ਹੋਣ ਬਾਰੇ ਗੱਲ ਕਰਦੇ ਹੋਏ ਵਿਦੇਸ਼ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੋਵਾਂ ਧਿਰਾਂ ਨੂੰ ਹੁਣ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ ਬਾਰੇ ਬਾਕੀ ਰਹਿੰਦੇ ਮੁੱਦਿਆਂ ਨੂੰ ਛੇਤੀ ਹੱਲ ਕਰਨਾ ਚਾਹੀਦਾ ਹੈ। ਵਿਦੇਸ਼ ਮੰਤਰੀ ਨੇ ਕਿਹਾ ਕਿ ਇੱਕ ਵਾਰ ਟਕਰਾਅ ਵਾਲੇ ਸਾਰੇ ਬਿੰਦੂਆਂ ਦਾ ਨਿਪਟਾਰਾ ਹੋਣ

ਤੋਂ ਬਾਅਦ  ਦੋਵੇਂ ਧਿਰਾਂ ਫਿਰ ਇਸ ਖੇਤਰ ਅੰਦਰ ਵੱਡੇ ਪੱਧਰ ਤੇ ਫੌਜੀਆਂ ਨੂੰ ਪਿੱਛੇ ਹਟਾਉਣ ਅਤੇ ਅਮਨ ਅਤੇ ਸ਼ਾਂਤੀ ਦੀ ਬਹਾਲੀ ਲਈ ਕੰਮ ਕਰ ਸਕਦੀਆਂ ਹਨ।

5. ਸਟੇਟ ਕੌਂਸਲਰ ਅਤੇ ਵਿਦੇਸ਼ ਮੰਤਰੀ ਵੈਂਗ ਯੀ ਨੇ ਆਪਣੀ ਤਰਫੋਂ ਹੁਣ ਤੱਕ ਹੋਈ ਤਰੱਕੀ ਉੱਤੇ ਤਸੱਲੀ ਪ੍ਰਗਟਾਈ। ਸਰਹੱਦੀ ਇਲਾਕਿਆਂ ਵਿਚ ਅਮਨ ਅਤੇ ਸ਼ਾਂਤੀ ਦੀ ਬਹਾਲੀ ਲਈ ਇਹ ਇੱਕ ਵੱਡ ਮਹੱਤਵਪੂਰਨ ਕਦਮ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਦੋਵਾਂ ਧਿਰਾਂ ਨੂੰ ਸਿੱਟਿਆਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ. ਵੱਖ ਵੱਖ ਪੱਧਰਾਂ 'ਤੇ ਹੋਈ ਸਹਿਮਤੀਆਂ ਨੂੰ ਇਮਾਨਦਾਰੀ ਨਾਲ ਲਾਗੂ ਕਰਨਾ ਵੀ ਜ਼ਰੂਰੀ ਹੈ. ਉਨ੍ਹਾਂ ਨੇ ਸਰਹੱਦੀ ਖੇਤਰਾਂ ਵਿੱਚ ਪ੍ਰਬੰਧਨ ਅਤੇ ਨਿਯੰਤਰਣ ਵਿੱਚ ਸੁਧਾਰ ਲਿਆਉਣ ਦੀ ਲੋੜ ਬਾਰੇ ਗੱਲ ਕੀਤੀ।

6. ਵਿਦੇਸ਼ ਮੰਤਰੀ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਦੋਵੇਂ ਧਿਰਾਂ ਹਮੇਸ਼ਾਂ ਇਸ ਗੱਲ ਤੇ ਸਹਿਮਤ ਰਹੀਆਂ ਹਨ ਕਿ ਸਰਹੱਦੀ ਖੇਤਰਾਂ ਵਿੱਚ ਅਮਨ ਅਤੇ ਸ਼ਾਂਤੀ ਬਣਾਈ ਰੱਖਣਾ ਦੁਵੱਲੇ ਸੰਬੰਧਾਂ ਦੇ ਵਿਕਾਸ ਲਈ ਲੋੜੀਂਦਾ ਅਧਾਰ ਹੈ। ਮੌਜੂਦਾ ਹਾਲਾਤ ਨੂੰ ਲੰਮੇ ਸਮੇਂ ਤੱਕ ਜਾਰੀ ਰੱਖਣਾ ਕਿਸੇ ਵੀ ਧਿਰ ਦੇ ਹਿੱਤ ਵਿਚ ਨਹੀਂ ਹੈ। ਇਸ ਲਈ ਇਹ ਜ਼ਰੂਰੀ ਸੀ ਕਿ ਦੋਵੇਂ ਪੱਖ ਬਾਕੀ ਮੁੱਦਿਆਂ ਦਾ ਛੇਤੀ ਹੱਲ ਕੱਢਣ ਲਈ ਕੰਮ ਕਰਨ। ਇਸ ਖੇਤਰ ਡੀ- ਐਸਕੇਲੇਸ਼ਨ ਕਰਨ ਲਈ ਟਕਰਾਅ ਵਾਰੇ ਸਾਰੇ ਬਿੰਦੂਆਂ ਤੋਂ ਫੌਜੀ ਹਟਾਉਣ ਜ਼ਰੂਰੀ ਸੀ। ਸਿਰਫ ਅਜਿਹਾ ਕਰਨ ਨਾਲ ਹੀ ਅਮਨ ਅਤੇ ਸ਼ਾਂਤੀ ਬਹਾਲੀ ਕਰਨ ਦਾ ਮਾਰਗ ਖੁੱਲ ਸਕਦਾ ਹੈ ਅਤੇ ਸਾਡੇ ਦੁਵੱਲੇ ਸੰਬੰਧਾਂ ਦੀ ਤਰੱਕੀ ਲਈ ਹਾਲਾਤ ਬਣ ਸਕਦੇ ਹਨ।

7. ਵਿਦੇਸ਼ ਮੰਤਰੀ ਵਾਂਗ ਯੀ ਨੇ ਇਹ ਵੀ ਕਿਹਾ ਕਿ ਭਾਰਤੀ ਪੱਖ ਨੇ ਆਪਸੀ ਸਬੰਧ ਪ੍ਰਤੀ 'ਤਿੰਨ ਆਪਸੀ ਸੰਬੰਧ' (ਆਪਸੀ ਸਤਿਕਾਰ, ਆਪਸੀ ਸੰਵੇਦਨਸ਼ੀਲਤਾ ਅਤੇ ਆਪਸੀ ਹਿੱਤਾਂ) ਦ੍ਰਿਸ਼ਟੀਕੋਣ ਦੀ ਤਜਵੀਜ਼ ਦਿੱਤੀ ਹੈ। ਉਨ੍ਹਾਂ ਨੇ ਆਪਸੀ ਸੰਬੰਧਾਂ ਪ੍ਰਤੀ ਦੂਰਾਡੇ ਦ੍ਰਿਸ਼ਟੀਕੋਣ ਅਪਣਾਏ ਜਾਣ ਦੀ ਮਹੱਤਤਾ 'ਤੇ ਵੀ ਸਹਿਮਤੀ ਦਿੱਤੀ। ਦੋਵੇਂ ਮੰਤਰੀਆਂ ਨੇ ਸੰਪਰਕ ਵਿਚ ਰਹਿਣ ਅਤੇ ਹਾਟਲਾਈਨ ਸਥਾਪਤ ਕਰਨ ਉੱਤੇ ਸਹਿਮਤੀ ਦਿੱਤੀ।

ਨਵੀਂ ਦਿੱਲੀ
26 ਫਰਵਰੀ, 2021

DISCLAIMER: This is an approximate translation. The original is available in English on MEA's website and may be referred to as the official press release.